# 4

# ਫੌਜਦਾਰੀ ਅਤੇ ਪਰਿਵਾਰਕ ਕਾਨੂੰਨ

PJB 04

## ਓਨਟਾਰਿਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ। ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਫੌਜਦਾਰੀ ਅਤੇ ਪਰਿਵਾਰਕ ਕਾਨੂੰਨ

*ਇਸ ਕਿਤਾਬਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਸਲਿਆਂ ਬਾਰੇ ਬੁਨਿਆਦੀ ਜਾਣਕਾਰੀ ਦੇਣਾ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਵਾਸਤੇ ਵਿਕਲਪ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਦੇ ਮਸਲਿਆਂ ਨਾਲ ਨਜਿੱਠ ਰਹੇ ਹੋ, ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀਆਂ ਚੋਣਾਂ ਸਮਝਣ ਅਤੇ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਜਿੰਨੀ ਜਲਦੀ ਸੰਭਵ ਹੋਏ ਕਾਨੂੰਨੀ ਸਲਾਹ ਪ੍ਰਾਪਤ ਕਰੋ। ਪਰਿਵਾਰਕ ਕਾਨੂੰਨ ਦਾ ਵਕੀਲ ਕਿਵੇਂ ਲੱਭਣਾ ਹੈ ਅਤੇ ਉਸ ਲਈ ਭੁਗਤਾਨ ਕਿਵੇਂ ਕਰਨਾ ਹੈ ਬਾਰੇ ਹੋਰ ਜਾਣਕਾਰੀ ਲਈ, ਸਾਡਾ ਕਿਤਾਬਚਾ "ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ" ਦੇਖੋ। ਤੁਸੀਂ "ਲੁਕਿੰਗ ਫਾਰ ਏ ਫੈਮਲੀ ਲਾਅ ਲੌਇਰ", "ਪ੍ਰੋਪਰਟੀ ਰਾਇਟਸ ਐਂਡ ਔਬਲੀਗੇਸ਼ਨਜ਼ ਆਫ ਮੈਰਿਡ ਐਂਡ ਕੋ-ਹੈਬੀਟਿੰਗ ਪਾਰਟਨਰਜ਼" ਅਤੇ ਪਰਿਵਾਰਕ ਕਾਨੂੰਨ ਦੇ ਦੂਸਰੇ ਵਿਸ਼ਿਆਂ ਤੇ ਸਾਡੇ ਵੈਬੀਨਾਰ ਵੀ ਦੇਖਣਾ ਚਾਹ ਸਕਦੇ ਹੋ। ਇਹ ਸਾਰੇ ਸਾਧਨ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਹਨ। ਤੁਸੀਂ "ਲੁਕਿੰਗ ਫਾਰ ਏ ਫੈਮਲੀ ਲਾਅ ਲੌਇਰ", "ਵੇਨ ਚਾਰਜਿਜ਼ ਆਰ ਲੇਡ ਇੰਨ ਏ ਡੋਮੇਸਟਿਕ ਡਿਪਿਊਟ – ਵੌਟ ਟੂ ਐਕਸਪੈਕਟ", ਅਤੇ ਪਰਿਵਾਰਕ ਕਾਨੂੰਨ ਅਤੇ ਸੰਬੰਧਤ ਫੌਜਦਾਰੀ ਕਾਨੂੰਨ ਦੇ ਵਿਸ਼ਿਆਂ ਤੇ ਸਾਡੇ ਵੈਬੀਨਾਰ ਵੀ ਦੇਖਣਾ ਚਾਹ ਸਕਦੇ ਹੋ। ਇਹ ਸਾਰੇ ਸਾਧਨ www.onefmilylaw.ca ਤੇ ਸਾਡੀ ਵੈੱਬਸਾਇਟ ਤੇ ਹਨ।*

ਔਰਤਾਂ ਦੇ ਖਿਲਾਫ ਹਿੰਸਾ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਹਿੰਸਾ ਵਿੱਚ ਉਹ ਦੁਰਵਿਹਾਰ ਸ਼ਾਮਲ ਹੈ, ਜੋ ਕਿ ਸਰੀਰਕ, ਜਿਨਸੀ, ਭਾਵਨਾਤਮਕ, ਮਨੋਵਿਗਿਆਨਕ ਅਤੇ ਵਿੱਤੀ ਹੈ। ਦੁਰਵਿਹਾਰ ਉਸ ਵੇਲੇ ਹੈ ਜਦੋਂ ਇਕ ਵਿਅਕਤੀ ਪੀੜਤ ਉੱਤੇ ਤਾਕਤ ਅਤੇ ਕੰਟਰੋਲ ਵਰਤਦਾ ਹੈ। ਜੇ ਤੁਸੀਂ ਦੁਰਵਿਹਾਰ ਦਾ ਅਨੁਭਵ ਕੀਤਾ ਹੈ, ਇਹ ਤੁਹਾਡਾ ਕਸੂਰ ਨਹੀ ਹੈ, ਅਤੇ ਤੁਸੀਂ ਇਸ ਦੇ ਹੋਣ ਦਾ ਕਾਰਨ ਨਹੀਂ ਸੀ।

## ਕਿਸ ਕਿਸਮ ਦੇ ਦੁਰਵਿਹਾਰ ਜੁਰਮ ਹਨ?

ਕੈਨੇਡਾ ਵਿੱਚ, ਦੁਰਵਿਹਾਰ ਦੀਆਂ ਕਈ ਕਿਸਮਾਂ ਕਾਨੂੰਨ ਦੇ ਵਿਰੁੱਧ ਹਨ, ਜਿਸ ਵਿੱਚ ਸ਼ਾਮਲ ਹਨ:

- ਘਰੇਲੂ ਜਾਂ ਸਾਥੀ ਸੰਬੰਧੀ ਹਮਲਾ
- ਲਿੰਗੀ ਹਮਲਾ
- ਪਿੱਛਾ ਕਰਨਾ (ਸਟਾਕਿੰਗ)

ਅਕਸਰ ਔਰਤਾਂ ਇੰਨ੍ਹਾਂ ਜੁਰਮਾਂ ਦਾ ਸ਼ਿਕਾਰ ਹੁੰਦੀਆਂ ਹਨ। ਦੁਰਵਿਹਾਰ ਕਰਨ ਵਾਲਾ ਆਮਤੌਰ ਤੇ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਨੂੰ ਪੀੜਤ ਜਾਣਦਾ ਹੈ। **ਔਰਤ ਨੂੰ ਹਿੰਸਾ ਦਾ ਜਿਆਦਾ ਖਤਰਾ ਰਿਸ਼ਤੇ ਦੇ ਟੁੱਟਣ ਅਤੇ ਅਲਹਿਦਗੀ ਦੇ ਸਮੇਂ ਤੇ ਹੁੰਦਾ ਹੈ।**

**ਹਮਲਾ** ਉਸ ਵੇਲੇ ਹੁੰਦਾ ਹੈ ਜਦੋਂ ਇੱਕ ਵਿਅਕਤੀ ਜਾਣਬੁੱਝ ਕੇ ਦੂਸਰੇ ਵਿਅਕਤੀ ਦੇ ਵਿਰੁੱਧ ਤਾਕਤ ਵਰਤਦਾ ਹੈ, ਜਾਂ ਬਿਨਾਂ ਇਜਾਜ਼ਤ ਦੇ ਤਾਕਤ ਵਰਤਣ ਦੀ ਕੋਸ਼ਿਸ਼

ਕਰਦਾ ਜਾਂ ਤਾਕਤ ਵਰਤਣ ਦੀ ਧਮਕੀ ਦਿੰਦਾ ਹੈ। ਹਮਲਾ ਇੱਕ ਜੁਰਮ ਹੈ, ਜੇ ਤੁਹਾਨੂੰ ਸਰੀਰਕ ਰੂਪ ਨਾਲ ਸੱਟ ਨਹੀਂ ਲਗਦੀ ਤਾਂ ਵੀ।

ਹਮਲੇ ਵਿੱਚ ਸ਼ਾਮਲ ਹੋ ਸਕਦੇ ਹਨ:

- ਥੱਪੜ ਮਾਰਨਾ
- ਧੱਕੇ ਮਾਰਨਾ
- ਠੁੱਡੇ ਮਾਰਨਾ
- ਮੁੱਕੇ ਮਾਰਨਾ
- ਛੁਰਾ ਮਾਰਨਾ
- ਅਜਿਹੀ ਕੋਈ ਵਸਤੂ ਸੁੱਟਣਾ ਜੋ ਤੁਹਾਨੂੰ ਸੱਟ ਪਹੁੰਚਾਏ ਜਾਂ ਡਰਾਏ

**ਘਰੇਲੂ ਹਮਲਾ** ਉਹ ਹਮਲਾ ਹੈ ਜਿਹੜਾ ਨਿਕਟਵਰਤੀ ਸਾਥੀਆਂ ਵਿਚਕਾਰ ਵਾਪਰਦਾ ਹੈ, ਉਨ੍ਹਾਂ ਦੇ ਲਿੰਗ, ਲਿੰਗੀ ਰੁਝਾਨ ਜਾਂ ਲਿੰਗੀ ਪਛਾਣ ਦੀ ਪਰਵਾਹ ਕੀਤੇ ਬਿਨਾਂ। ਸਾਥੀਆਂ ਲਈ ਕਾਨੂੰਨੀ ਤੌਰ ਤੇ ਵਿਆਹੇ ਹੋਏ ਜਾਂ ਇਕੱਠੇ ਰਹਿਣ ਦੀ ਲੋੜ ਨਹੀਂ ਹੈ, ਜਦੋਂ ਤੱਕ ਕਿ ਉਹ ਨਿਕਟਵਰਤੀ ਰਿਸ਼ਤੇ ਵਿੱਚ ਹਨ ਜਾਂ ਸੀ। ਘਰੇਲੂ ਹਮਲਾ ਕਾਨੂੰਨ ਦੇ ਵਿਰੁੱਧ ਹੈ।

ਸੰਭਾਵੀ ਘਰੇਲੂ ਹਮਲੇ ਦੀ ਰਿਪੋਰਟ ਕਰਨ ਵਾਸਤੇ ਕੋਈ ਵੀ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ – ਤੁਸੀਂ, ਤੁਹਾਡਾ ਸਾਥੀ, ਤੁਹਾਡੇ ਬੱਚੇ, ਜਾਂ ਦੂਸਰੇ ਗਵਾਹ ਜਿਵੇਂ ਕਿ ਦੋਸਤ ਅਤੇ ਗੁਆਂਢੀ।

**ਲਿੰਗੀ ਹਮਲਾ** ਇੱਕ ਅਜਿਹਾ ਲਿੰਗੀ ਕਾਰਜ ਜਾਂ ਸਪਰਸ਼ ਹੈ ਜਿਸ ਲਈ ਤੁਸੀਂ ਸਹਿਮਤੀ ਨਹੀਂ ਦਿੰਦੇ। **ਸਹਿਮਤੀ** ਦਾ ਮਤਲਬ ਹੈ ਕਿ ਤੁਸੀਂ ਆਪਣੀ ਇੱਛਾ ਨਾਲ ਲਿੰਗੀ ਕਾਰਜ ਜਾਂ ਸਪਰਸ਼ ਵਾਸਤੇ ਸਹਿਮਤ ਹੁੰਦੇ ਹੋ। ਜੇ ਤੁਸੀਂ ਉਸ ਵੇਲੇ ਲਿੰਗੀ ਕਾਰਜਾਂ ਵਿੱਚ ਭਾਗ ਲੈਂਦੇ ਹੋ ਜਦੋਂ ਤੁਸੀਂ ਸ਼ਰਾਬ ਜਾਂ ਨਸ਼ਿਆਂ ਕਰਕੇ ਗੰਭੀਰ ਰੂਪ ਨਾਲ ਵਿਕਾਰ ਦਾ ਸ਼ਿਕਾਰ ਹੋ, ਜਾਂ ਜੇ ਤੁਸੀਂ ਸੁੱਤੇ ਹੋਏ ਜਾਂ ਬੇਹੋਸ਼ ਹੋ, ਤਾਂ ਕਾਨੂੰਨ ਕਹਿੰਦਾ ਹੈ ਕਿ ਤੁਸੀਂ ਆਪਣੀ ਇੱਛਾ ਨਾਲ ਸਹਿਮਤ ਨਹੀਂ ਹੋ ਸਕਦੇ ਜਾਂ ਸਹਿਮਤੀ ਨਹੀਂ ਦੇ ਸਕਦੇ।

ਸਹਿਮਤੀ ਹਰਕਤਾਂ ਜਾਂ ਸ਼ਬਦਾਂ ਰਾਹੀਂ ਦਿੱਤੀ ਜਾ ਸਕਦੀ ਹੈ। ਲਿੰਗੀ ਕਾਰਜਾਂ ਜਾਂ ਸਪਰਸ਼ ਦੀ ਸ਼ੁਰੂਆਤ ਕਰਨ ਵਾਲੇ ਵਿਅਕਤੀ ਵਾਸਤੇ ਇਹ ਸੁਨਿਸ਼ਚਿਤ ਕਰਨ ਲਈ ਵਾਜਬ ਕਦਮ ਚੁੱਕਣੇ ਜਰੂਰੀ ਹਨ ਕਿ ਦੂਸਰਾ ਵਿਅਕਤੀ ਸਹਿਮਤੀ ਦਿੰਦਾ ਹੈ।

ਕੈਨੇਡਾ ਵਿੱਚ, ਤੁਹਾਡੇ ਸਾਥੀ ਨੂੰ ਲਿੰਗੀ ਤੌਰ ਤੇ ਤੁਹਾਡੇ ਤੇ ਹਮਲਾ ਕਰਨ ਲਈ ਚਾਰਜ ਕੀਤਾ ਜਾ ਸਕਦਾ ਹੈ, ਜੇ ਤੁਸੀਂ ਵਿਆਹੇ ਹੋਏ ਤਾਂ ਵੀ। ਲਿੰਗੀ ਹਮਲਾ ਜੁਰਮ

ਹੈ ਜੇ ਤੁਹਾਨੂੰ ਸਰੀਰਕ ਤੌਰ ਤੇ ਸੱਟ ਨਹੀਂ ਲਗਦੀ ਤਾਂ ਵੀ। ਲਿੰਗੀ ਹਮਲੇ ਵਿੱਚ ਸ਼ਾਮਲ ਹੋ ਸਕਦਾ ਹੈ:

- ਇੱਕ ਅਣਚਾਹਿਆ ਚੁੰਮਣ;
- ਇੱਕ ਅਣਚਾਹਿਆ ਲਿੰਗੀ ਸਪਰਸ਼;
- ਜਬਰੀ ਪਰਵੇਸ਼ (forced penetration);
- ਧਮਕੀਆਂ ਵਰਤ ਕੇ ਤੁਹਾਨੂੰ ਕੋਈ ਵੀ ਲਿੰਗੀ ਕਾਰਜ ਕਰਨ ਵਾਸਤੇ ਮਜਬੂਰ ਕਰਨਾ ਜਾਂ ਕਹਿਣਾ ਕਿ ਜੇ ਤੁਸੀਂ ਉਹ ਨਹੀਂ ਕਰਦੇ, ਤਾਂ ਤੁਹਾਨੂੰ ਜਾਂ ਤੁਹਾਡੇ ਕਿਸੇ ਅਜਿਹੇ ਜਿਸ ਦੀ ਤੁਸੀਂ ਪਰਵਾਹ ਕਰਦੇ ਹੋ ਨੂੰ ਕੁਝ ਬੁਰਾ ਹੋ ਜਾਏਗਾ।

ਜਿਆਦਾਤਰ ਲਿੰਗੀ ਹਮਲੇ ਕਿਸੀ ਅਜਿਹੇ ਦੁਆਰਾ ਕੀਤੇ ਜਾਂਦੇ ਹਨ ਜਿੰਨ੍ਹਾਂ ਨੂੰ ਪੀੜਤ ਜਾਣਦਾ ਹੈ। ਜੇ ਤੁਹਾਡਾ ਨਿਕਟਵਰਤੀ ਸਾਥੀ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਨੂੰ ਕੋਈ ਵੀ ਲਿੰਗੀ ਕਾਰਜ ਕਰਨ ਵਾਸਤੇ ਜਬਰਦਸਤੀ ਕਰਦਾ ਹੈ, ਉਹ ਲਿੰਗੀ ਹਮਲਾ ਹੋ ਸਕਦਾ ਹੈ।

**ਪਿੱਛਾ ਕਰਨਾ** (ਸਟਾਕਿੰਗ) ਉਸ ਵੇਲੇ ਹੁੰਦਾ ਹੈ ਜਦੋਂ ਕੋਈ ਵਿਅਕਤੀ ਜਿਸ ਨਾਲ ਤੁਸੀਂ ਸੰਪਰਕ ਨਹੀਂ ਰੱਖਣਾ ਚਾਹੁੰਦੇ ਅਜਿਹੀਆਂ ਚੀਜਾਂ ਕਰਦਾ ਹੈ ਜਿਹੜੀਆਂ ਤੁਹਾਨੂੰ ਡਰਾਉਂਦੀਆਂ ਹਨ। ਪਿੱਛਾ ਕਰਨਾ ਜੁਰਮ ਹੈ ਜੇ ਤੁਹਾਡਾ ਪਿੱਛਾ ਕਰਨ ਵਾਲਾ ਤੁਹਾਨੂੰ ਸਰੀਰਕ ਤੌਰ ਤੇ ਚੋਟ ਨਹੀਂ ਪਹੁੰਚਾਉਂਦਾ ਤਾਂ ਵੀ। ਪਿੱਛਾ ਕਰਨਾ ਕਾਨੂੰਨ ਦੇ ਵਿਰੁੱਧ ਹੈ ਅਤੇ ਇਸ ਨੂੰ **ਅਪਰਾਧਕ ਪਰੇਸ਼ਾਨ ਕਰਨਾ (criminal harassment)** ਕਿਹਾ ਜਾਂਦਾ ਹੈ। ਇੱਕ ਵਿਅਕਤੀ ਪਿੱਛਾ ਕਰਕੇ ਕਾਨੂੰਨ ਤੋੜ ਰਿਹਾ ਹੋ ਸਕਦਾ ਹੈ ਜੇ ਉਹ ਵਿਅਕਤੀ:

- ਤੁਹਾਨੂੰ ਦੇਖਦਾ ਅਤੇ ਤੁਹਾਡਾ ਪਿੱਛਾ ਕਰਦਾ ਹੈ;
- ਤੁਹਾਨੂੰ ਤੋਹਫੇ ਭੇਜਦਾ ਹੈ ਜਿਹੜੇ ਤੁਸੀਂ ਨਹੀਂ ਚਾਹੁੰਦੇ;
- ਤੁਹਾਡੀ ਸੰਪਤੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਅਜਿਹਾ ਕਰਨ ਦੀ ਧਮਕੀ ਦਿੰਦਾ ਹੈ;
- ਤੁਹਾਡੇ ਨਾਲ ਸੰਪਰਕ ਕਰਦਾ ਹੈ ਜਾਂ ਸੰਪਰਕ ਕਰਨ ਦੀ ਕੋਸ਼ਿਸ਼ ਕਰਦਾ ਹੈ, ਅਤੇ ਜਾਣਦਾ ਹੈ ਕਿ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਨਾਲ ਸੰਪਰਕ ਕੀਤਾ ਜਾਏ;
- ਤੁਹਾਨੂੰ ਬਹੁਤ ਸਾਰੇ ਸੁਨੇਹੇ ਭੇਜਦਾ ਹੈ ਜਿਹੜੇ ਤੁਸੀਂ ਨਹੀਂ ਚਾਹੁੰਦੇ;
- ਤੁਹਾਨੂੰ ਦੂਸਰੇ ਲੋਕਾਂ ਦੇ ਰਾਹੀਂ ਅਣਚਾਹੇ ਸੁਨੇਹੇ ਭੇਜਦਾ ਹੈ;
- ਤੁਹਾਨੂੰ ਜਾਂ ਤੁਹਾਡੇ ਪਰਿਵਾਰ ਜਾਂ ਤੁਹਾਡੇ ਪਾਲਤੂ ਜਾਨਵਰ ਨੂੰ ਚੋਟ ਪਹੁੰਚਾਉਣ ਦੀ ਧਮਕੀ ਦਿੰਦਾ ਹੈ;

- ਇੰਨ੍ਹਾਂ ਚੀਜਾਂ ਵਿੱਚੋਂ ਕੋਈ ਵੀ ਫੋਨ ਤੇ, ਚਿੱਠੀਆਂ ਜਾਂ ਨੋਟਾਂ ਵਿੱਚ, ਇੰਟਰਨੈੱਟ ਤੇ ਜਾਂ ਵਿਅਕਤੀਗਤ ਰੂਪ ਵਿੱਚ ਕਰਦਾ ਹੈ।

ਜੇ ਤੁਹਾਡਾ ਪਿੱਛਾ ਕੀਤਾ ਜਾ ਰਿਹਾ ਹੈ, ਤਾਂ ਇੱਕ ਜਰਨਲ ਰੱਖੋ ਕਿ ਪਿੱਛਾ ਕਰਨ ਵਾਲਾ ਅਜਿਹਾ ਕੀ ਕਰਦਾ ਹੈ ਜੋ ਤੁਹਾਨੂੰ ਡਰਾਉਂਦਾ ਹੈ, ਅਤੇ ਉਹ ਕਦੋਂ ਅਤੇ ਕਿਥੇ ਵਾਪਰਿਆ। ਇਸ ਰਿਕਾਰਡ ਤੋਂ ਤੁਹਾਨੂੰ ਪੁਲਿਸ ਅਤੇ ਅਦਾਲਤ ਨੂੰ ਇਹ ਯਕੀਨ ਦਿਵਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਪਿੱਛਾ ਕਰਨ ਵਾਲਾ ਕਾਨੂੰਨ ਤੋੜ ਰਿਹਾ ਹੈ।

## ਕਾਨੂੰਨ ਕਿਵੇਂ ਸਹਾਇਤਾ ਕਰ ਸਕਦਾ ਹੈ

ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਤੁਹਾਡੇ ਰਿਸ਼ਤਾ ਖਤਮ ਕਰਨ ਤੋਂ ਤੁਰੰਤ ਬਾਅਦ ਤੁਹਾਡੇ ਸਾਥੀ ਕੋਲੋਂ ਬਹੁਤ ਖਤਰਾ ਹੋ ਸਕਦਾ ਹੈ। ਜੇ ਤੁਸੀਂ ਆਪਣੇ ਦੁਰਵਿਹਾਰ ਕਰਨ ਵਾਲੇ ਪਤੀ ਜਾਂ ਸਾਥੀ ਨੂੰ ਛੱਡਣ ਬਾਰੇ ਸੋਚ ਰਹੇ ਹੋ, ਤਾਂ ਅਜਿਹੇ ਕਦਮ ਹਨ ਜਿਹੜੇ ਤੁਸੀਂ ਸੁਰੱਖਿਅਤ ਰਹਿਣ ਵਿੱਚ ਸਹਾਇਤਾ ਕਰਨ ਲਈ ਚੁੱਕ ਸਕਦੇ ਹੋ। ਇਸ ਵਿੱਚ ਸ਼ਾਮਲ ਹੋ ਸਕਦਾ ਹੈ ਪੁਲਿਸ, ਔਰਤਾਂ ਦੀ ਸਥਾਨਕ ਸੰਸਥਾ ਜਾਂ ਔਰਤਾਂ ਦੇ ਸ਼ੈੱਲਟਰ ਦੇ ਨਾਲ ਗੱਲ ਕਰਨਾ ਅਤੇ ਇੱਕ ਸੁਰੱਖਿਆ ਯੋਜਨਾ ਬਣਾਉਣਾ। ਅਜਿਹੇ ਵੀ ਕਈ ਤਰੀਕੇ ਹਨ ਜਿੰਨ੍ਹਾਂ ਰਾਹੀਂ ਸੰਭਵ ਹੈ ਕਿ ਕਾਨੂੰਨ ਤੁਹਾਡੀ ਸਹਾਇਤਾ ਕਰ ਸਕਦਾ ਹੈ, ਸੁਰੱਖਿਆ ਯੋਜਨਾ ਦੇ ਇੱਕ ਹਿੱਸੇ ਵਜੋਂ।

## 1. ਪੁਲਿਸ ਨੂੰ ਸ਼ਾਮਲ ਕਰਨਾ

ਜੇ ਤੁਸੀਂ ਡਰਦੇ ਹੋ ਅਤੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ, ਜੇ ਤੁਹਾਡੇ ਸਾਥੀ ਨੇ ਤੁਹਾਡੇ ਤੇ ਹਮਲਾ ਕੀਤਾ ਹੈ ਜਾਂ ਹਮਲਾ ਕਰਨ ਦੀ ਧਮਕੀ ਦਿੱਤੀ ਹੈ, ਜਾਂ ਤੁਹਾਡੇ ਤੇ ਲਿੰਗੀ ਤੌਰ ਤੇ ਹਮਲਾ ਕੀਤਾ ਗਿਆ ਹੈ ਤਾਂ ਤੁਸੀਂ ਸਹਾਇਤਾ ਲਈ ਪੁਲਿਸ ਨੂੰ ਬੁਲਾ ਸਕਦੇ ਹੋ। ਕੈਨੇਡਾ ਵਿੱਚ ਪੁਲਿਸ ਫੋਰਸਾਂ ਪੜਤਾਲ ਕਰਨਗੀਆਂ ਅਤੇ ਜੇ ਉਹ ਮੰਨਦੇ ਹਨ ਕਿ ਕਾਫੀ ਪ੍ਰਮਾਣ ਹਨ ਕਿ ਇੱਕ ਜੁਰਮ ਹੋਇਆ ਹੈ, ਤਾਂ ਫੌਜਦਾਰੀ ਚਾਰਜ ਲਗਾਉਣਗੇ।

ਉਹ ਵਿਅਕਤੀ ਜਿਹੜਾ ਕਹਿੰਦਾ ਹੈ ਕਿ ਉਹ ਜੁਰਮ ਦੀ ਸ਼ਿਕਾਰ ਸੀ ਅਤੇ ਜਿਹੜਾ ਪੁਲਿਸ ਨੂੰ ਰਸਮੀ ਬਿਆਨ ਦਿੰਦਾ ਹੈ (ਜਿਸ ਨੂੰ ਅਕਸਰ “ਲੇਇੰਗ ਏ ਕੰਪਲੇਂਟ” ਕਿਹਾ ਜਾਂਦਾ ਹੈ) ਨੂੰ “**ਸ਼ਿਕਾਇਤਕਰਤਾ**” ਕਿਹਾ ਜਾਂਦਾ ਹੈ। ਉਹ ਵਿਅਕਤੀ ਜਿਸ ਨੂੰ ਜੁਰਮ ਕਰਨ ਲਈ ਚਾਰਜ ਕੀਤਾ ਜਾਂਦਾ ਹੈ (ਜਿਸ ਨੂੰ ਫੌਜਦਾਰੀ ਅਪਰਾਧ ਵੀ ਕਿਹਾ ਜਾਂਦਾ ਹੈ) ਨੂੰ “**ਮੁਲਜ਼ਮ**” ਕਿਹਾ ਜਾਂਦਾ ਹੈ।

## 2. ਨਿਕਟਵਰਤੀ ਸਾਥੀ ਦੁਆਰਾ ਕੀਤੀ ਗਈ ਹਿੰਸਾ ਦੀ ਰਿਪੋਰਟ ਕਰਨਾ

ਜਦੋਂ ਪੁਲਿਸ ਨਿਕਟਵਰਤੀ ਸਾਥੀਆਂ ਦੇ ਵਿਚਕਾਰ ਸਮੱਸਿਆ ਦੇ ਸਥਾਨ ਤੇ ਪਹੁੰਚਦੀ ਹੈ, ਤਾਂ ਉਨ੍ਹਾਂ ਲਈ ਸਥਿਤੀ ਨੂੰ ਦੇਖਣਾ ਅਤੇ ਇਹ ਫੈਸਲਾ ਕਰਨਾ ਜਰੂਰੀ

ਹੈ ਕਿ ਸ਼ਾਇਦ ਹਮਲਾ ਹੋਇਆ ਹੈ, ਅਤੇ ਮੁੱਖ ਮੁਲਜ਼ਿਮ ਜਾਂ ਹਮਲਾਵਰ ਕੌਣ ਹੈ। ਜੇ ਤੁਸੀਂ ਪੁਲਿਸ ਨਾਲ ਗੱਲ ਕਰਦੇ ਹੋ, ਤਾਂ ਸੱਚ ਬੋਲਣਾ ਮਹੱਤਵਪੂਰਨ ਹੈ।

ਓਨਟਾਰਿਓ ਵਿੱਚ, ਜੇ ਪੁਲਿਸ ਮੰਨਦੀ ਹੈ ਕਿ ਅਜਿਹੇ ਪ੍ਰਮਾਣ ਹਨ ਕਿ ਇੱਕ ਵਿਅਕਤੀ ਨੇ ਆਪਣੇ ਵਰਤਮਾਨ ਜਾਂ ਪੁਰਾਣੇ ਨਿਕਟਵਰਤੀ ਸਾਥੀ ਤੇ ਹਮਲਾ ਕੀਤਾ ਹੈ, ਤਾਂ ਪੁਲਿਸ ਲਈ ਫੌਜਦਾਰੀ ਚਾਰਜ ਲਗਾਉਣਾ ਜਰੂਰੀ ਹੈ, ਜੇ ਹਮਲੇ ਦਾ ਸ਼ਿਕਾਰ ਅਜਿਹਾ ਨਹੀਂ ਚਾਹੁੰਦਾ ਤਾਂ ਵੀ। ਇਸ ਨੂੰ **ਲਾਜ਼ਮੀ ਇਲਜ਼ਾਮ ਲਗਾਉਣ ਦੀ ਨੀਤੀ** (**Mandatory Charging Policy**) ਕਿਹਾ ਜਾਂਦਾ ਹੈ।

ਜੇ ਪੁਲਿਸ ਮੰਨਦੀ ਹੈ ਕਿ ਇੱਕ ਔਰਤ ਨੇ ਆਪਣੇ ਸਾਥੀ ਤੇ ਹਮਲਾ ਕੀਤਾ ਹੈ, ਤਾਂ ਉਸ ਤੇ ਇਲਜ਼ਾਮ ਲਗਾਇਆ ਜਾ ਸਕਦਾ ਹੈ। ਕਈ ਵਾਰੀ, ਜੇ ਪੁਲਿਸ ਲਈ ਇਹ ਸਪਸ਼ਟ ਨਹੀਂ ਹੁੰਦਾ ਕਿ ਮੁੱਖ ਹਮਲਾਵਰ ਕੌਣ ਸੀ, ਤਾਂ ਦੋਵੇਂ ਸਾਥੀਆਂ ਤੇ ਇਲਜ਼ਾਮ ਲਗਾਇਆ ਜਾ ਸਕਦਾ ਹੈ। ਇਸ ਨੂੰ **ਦੋਹਰਾ ਇਲਜ਼ਾਮ ਲਗਾਇਆ** (**dual charging**) ਜਾਣਾ ਕਿਹਾ ਜਾਂਦਾ ਹੈ।

ਓਨਟਾਰਿਓ ਦਾ ਘਰੇਲੂ ਹਮਲੇ ਦੇ ਇਲਜ਼ਾਮਾਂ ਦੇ ਨਾਲ ਨਜਿੱਠਣ ਦੇ ਲਈ, **ਡੋਮੇਸਟਿਕ ਵਾਇਓਸਲੈਂਸ ਕੋਰਟ (Domestic Violence Court)** ਕਿਹਾ ਜਾਣ ਵਾਲਾ ਅਦਾਲਤ ਦਾ ਖਾਸ ਪ੍ਰੋਗਰਾਮ ਹੈ। ਸਕਰਾਕੀ ਵਕੀਲ, ਜਿਸ ਨੂੰ **ਕਰਾਉਨ ਕਾਉਂਸਲ (Crown Counsel)** ਕਿਹਾ ਜਾਂਦਾ ਹੈ ਅਤੇ ਕੋਰਟ ਦੇ ਦੂਸਰੇ ਸਟਾਫ ਕੋਲ ਨਿਕਟਵਰਤੀ ਸਾਥੀਆਂ ਦੇ ਵਿੱਚ ਹਿੰਸਾ ਨੂੰ ਸਮਝਣ ਦੀ ਖਾਸ ਸਿਖਲਾਈ ਹੈ।

ਡੋਮੇਸਟਿਕ ਵਾਇਓਸਲੈਂਸ ਕੋਰਟ ਇਲਜ਼ਾਮਾਂ ਦੇ ਨਾਲ ਵੱਖਰੇ ਢੰਗ ਨਾਲ ਨਿਪਟ ਸਕਦੀ ਹੈ, ਜੇ ਉਹ ਪਹਿਲਾ ਅਪਰਾਧ ਹੈ, ਕਿਸੇ ਹਥਿਆਰ ਜਾਂ ਗੰਭੀਰ ਸਰੀਰਕ ਸੱਟਾਂ ਤੋਂ ਬਿਨਾਂ। ਜੇ ਦੁਰਵਿਹਾਰ ਕਰਨ ਵਾਲਾ ਹਮਲੇ ਦੀ ਗੱਲ ਮੰਨਦਾ ਹੈ ਅਤੇ ਸਾਥੀ ਨਾਲ ਦੁਰਵਿਹਾਰ ਨੂੰ ਸਮਝਣ ਅਤੇ ਖਤਮ ਕਰਨ ਵਾਸਤੇ ਕਾਉਂਸਲਿੰਗ ਵਿੱਚ ਭਾਗ ਲੈਂਦਾ ਹੈ, ਤਾਂ ਸੰਭਵ ਹੈ ਕਿ ਦੁਰਵਿਹਾਰ ਵਾਲੇ ਦਾ ਕ੍ਰਿਮਿਨਲ ਰਿਕਾਰਡ ਨਾ ਬਣੇ। ਇਸ ਕਾਉਂਸਲਿੰਗ ਪ੍ਰੋਗਰਾਮ ਨੂੰ **ਪਾਰਟਨਰ ਅਸੌਲਟ ਰਿਸਪੌਂਸ ਪ੍ਰੋਗਰਾਮ (ਪੀਏਆਰ)** ਕਿਹਾ ਜਾਂਦਾ ਹੈ। ਜੇ ਮੁਲਜ਼ਮ ਪਾਰ (PAR) ਪ੍ਰੋਗਰਾਮ ਨੂੰ ਖਤਮ ਨਹੀਂ ਕਰਦਾ, ਅਤੇ ਦੂਸਰੇ ਜਿਆਦਾ ਗੰਭੀਰ ਕੇਸਾਂ ਵਿੱਚ, ਕਰਾਉਨ ਕਾਉਂਸਲ ਮੁਕੱਦਮਾ ਚਲਾਉਣ ਦੀ ਮੰਗ ਕਰੇਗਾ।

## 3. ਵਿਕਟਮ/ਵਿਟਨੇਸ ਅਸਿਸਟੈਂਸ ਪ੍ਰੋਗਰਾਮ (ਵੀ/ਡਬਲਿਊਏਪੀ)

ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਰੁੱਧ ਇਲਜ਼ਾਮ ਲਗਾਏ ਗਏ ਹਨ, ਤਾਂ ਓਨਟਾਰਿਓ ਵਿਕਟਮ/ਵਿਟਨੇਸ ਅਸਿਸਟੈਂਸ ਪ੍ਰੋਗਰਾਮ (ਵੀ/ਡਬਲਿਊਏਪੀ) ਘਰੇਲੂ

ਹਮਲੇ, ਲਿੰਗੀ ਹਮਲੇ ਅਤੇ ਫੌਜਦਾਰੀ ਪਰੇਸ਼ਾਨ ਕਰਨ (ਸਟਾਕਿੰਗ) ਦੇ ਸ਼ਿਕਾਰਾਂ ਅਤੇ ਗਵਾਹਾਂ ਨੂੰ ਸਹਾਰਾ ਦੇ ਸਕਦਾ ਹੈ।

ਵੀ/ਡਬਲਿਊਏਪੀ ਵਰਕਰ ਅਦਾਲਤੀ ਪ੍ਰਕਿਰਿਆ ਦੇ ਹਰ ਕਦਮ ਤੇ ਜਾਣਕਾਰੀ ਮੁਹੱਈਆ ਕਰਦੇ ਹਨ ਅਤੇ ਜੇ ਤੁਹਾਡਾ ਕੇਸ ਮੁਕੱਦਮਾ (ਟਰਾਇਲ) ਤੱਕ ਜਾਂਦਾ ਹੈ ਤਾਂ ਤੁਹਾਨੂੰ ਗਵਾਹੀ ਦੇਣ ਲਈ ਤਿਆਰੀ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ। ਵਰਕਰ ਤਰਜਮਾਨਾਂ ਦਾ ਬੰਦੋਬਸਤ ਵੀ ਕਰ ਸਕਦਾ ਹੈ ਅਤੇ ਤੁਹਾਨੂੰ ਸਹਾਰਾ ਪੇਸ਼ ਕਰਨ ਵਾਲੇ ਸਮਾਜਕ ਸਾਧਨਾਂ ਨੂੰ ਲੱਭਣ ਵਿੱਚ ਸਹਾਇਤਾ ਵੀ ਕਰ ਸਕਦਾ ਹੈ। ਆਪਣੇ ਖੇਤਰ ਵਿੱਚ ਪ੍ਰੋਗਰਾਮ ਲੱਭਣ ਲਈ, **ਵਿਕਟਮ ਸਪੋਰਟ ਲਾਇਨ** ਨੂੰ ਇੰਨ੍ਹਾਂ ਨੰਬਰਾਂ ਤੇ ਫੋਨ ਕਰੋ:

**416-314-2447** (ਟੋਰੋਂਟੋ)
**1-888-579-2888** (ਟੋਲ ਫ੍ਰੀ)

## 4. ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਦੀ ਰਿਹਾਈ ਦੀਆਂ ਸ਼ਰਤਾਂ ਜਾਂ ਜ਼ਮਾਨਤ ਦੀਆਂ ਸ਼ਰਤਾਂ ਨੂੰ ਜਾਣੋ

ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਗਿਰਫਤਾਰ ਕੀਤਾ ਗਿਆ ਹੈ ਅਤੇ ਉਸ ਵਿਰੁੱਧ ਘਰੇਲੂ ਹਮਲੇ, ਲਿੰਗੀ ਹਮਲੇ ਅਤੇ ਅਪਰਾਧਕ ਪਰੇਸ਼ਾਨ ਕਰਨ (ਸਟਾਕਿੰਗ) ਦੇ ਇਲਜ਼ਾਮ ਲਗਾਏ ਗਏ ਹਨ, ਸੰਭਵ ਹੈ ਕਿ ਪੁਲਿਸ ਮੁਲਜ਼ਮ ਨੂੰ ਕੁਝ ਸ਼ਰਤਾਂ ਦੇ ਨਾਲ ਰਿਹਾ ਕਰ ਦਵੇ, ਜਾਂ **ਜ਼ਮਾਨਤ ਦੀ ਸੁਣਵਾਈ** ਤੱਕ ਮੁਲਜ਼ਮ ਨੂੰ ਜੇਲ ਵਿੱਚ ਰੱਖੇ। **ਜ਼ਮਾਨਤ** ਮੁਕੱਦਮੇ (ਟਰਾਇਲ) ਤੋਂ ਪਹਿਲਾਂ ਮੁਲਜ਼ਮ ਦੀ ਆਰਜ਼ੀ ਰਿਹਾਈ ਹੁੰਦੀ ਹੈ। ਜ਼ਮਾਨਤ ਦੀ ਸੁਣਵਾਈ ਦੇ ਦੌਰਾਨ, ਅਦਾਲਤ ਇਹ ਫੈਸਲਾ ਕਰੇਗੀ ਜੇਕਰ ਮੁਲਜ਼ਮ ਨੂੰ ਜੇਲ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਉਸ ਨੂੰ ਮੁਕੱਦਮੇ ਖਤਮ ਹੋ ਜਾਣ ਤੱਕ ਜ਼ਮਾਨਤ ਤੇ ਸਮਾਜ ਵਿੱਚ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਇੱਕ ਦੋਸ਼ੀ ਵਿਅਕਤੀ ਜਿਸ ਨੂੰ ਜ਼ਮਾਨਤ ਤੇ ਰਿਹਾ ਕੀਤਾ ਜਾਂਦਾ ਹੈ ਕੇਸ ਦੇ ਖਤਮ ਹੋਣ ਤੱਕ ਸਮਾਜ ਵਿੱਚ ਬਾਹਰ ਹੋ ਸਕਦਾ ਹੈ, ਪਰ ਉਸ ਤੇ ਸ਼ਰਤਾਂ ਹੋਣਗੀਆਂ, ਅਤੇ ਉਸ ਲਈ ਪਾਲਣਾ ਕਰਨ ਵਾਸਤੇ ਸਖਤ ਨਿਯਮ ਹੋ ਸਕਦੇ ਹਨ। ਇੰਨ੍ਹਾਂ ਨੂੰ **ਰਿਹਾਈ ਦੀਆਂ ਸ਼ਰਤਾਂ** ਜਾਂ **ਜ਼ਮਾਨਤ ਦੀਆਂ ਸ਼ਰਤਾਂ** ਕਿਹਾ ਜਾਂਦਾ ਹੈ। ਕਈ ਸ਼ਰਤਾਂ ਜਿੰਨ੍ਹਾਂ ਦੀ ਪਾਲਣਾ ਕਰਨ ਲਈ ਦੋਸ਼ੀ ਨੂੰ ਅਕਸਰ ਹੁਕਮ ਦਿੱਤਾ ਜਾਂਦਾ ਹੈ ਇਹ ਹਨ:

- ਉਸ ਵਾਸਤੇ ਪੀੜਤ ਤੋਂ ਦੂਰ ਰਹਿਣਾ ਜਰੂਰੀ ਹੈ (ਜਾਂ ਦੂਰ ਰਹਿਣਾ ਜਦੋਂ ਤੱਕ ਕਿ ਪੀੜਤ ਸੰਪਰਕ ਵਾਸਤੇ ਤਿਆਰ ਨਹੀਂ ਹੁੰਦਾ);
- ਉਹ ਗੱਲ, ਫੋਨ, ਈਮੇਲ ਨਹੀਂ ਕਰ ਸਕਦਾ ਜਾਂ ਦੂਸਰੇ ਲੋਕਾਂ ਰਾਹੀਂ ਸੁਨੇਹਾ ਨਹੀਂ ਭੇਜ ਸਕਦਾ ਜਾਂ ਪੀੜਤ ਦੇ ਨਾਲ ਕੋਈ ਹੋਰ ਸੰਪਰਕ ਨਹੀਂ ਰੱਖ ਸਕਦਾ;

- ਉਸ ਲਈ ਖਾਸ ਸਮੇਂ ਤੱਕ ਘਰ ਵਾਪਸ ਪਹੁੰਚਣਾ ਜਰੂਰੀ ਹੈ (ਜਿਸ ਨੂੰ "ਕਰਫਿਊ" ਕਿਹਾ ਜਾਂਦਾ ਹੈ);
- ਉਸ ਨੂੰ ਸ਼ਰਾਬ ਜਾਂ ਨਸ਼ਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ;
- ਉਸ ਨੂੰ ਬੰਦੂਕਾਂ ਦਾ ਮਾਲਕ ਨਹੀਂ ਹੋਣਾ ਚਾਹੀਦਾ ਜਾਂ ਉਸ ਕੋਲ ਬੰਦੂਕਾਂ ਨਹੀਂ ਹੋਣੀਆਂ ਚਾਹੀਦੀਆਂ;
- ਉਸ ਨੂੰ ਰਹਿਣ ਵਾਸਤੇ ਕੋਈ ਹੋਰ ਥਾਂ ਲੱਭਣੀ ਪਏਗੀ।

ਜ਼ਮਾਨਤ ਦੀਆਂ ਸ਼ਰਤਾਂ ਦੋਸ਼ੀ ਅਤੇ ਉਸ ਦੇ ਬੱਚਿਆਂ ਦੇ ਵਿੱਚ ਸੰਪਰਕ ਨੂੰ ਵੀ ਸੀਮਿਤ ਕਰ ਸਕਦੀਆਂ ਹਨ।

ਜੇ ਤੁਸੀਂ ਮੁਲਜ਼ਮ ਤੋਂ ਡਰਦੇ ਹੋ, ਤਾਂ ਤੁਸੀਂ ਪੁਲਿਸ, ਵਿਕਟਮ/ਵਿਟਨੇਸ ਅਸਿਸਟੈਂਸ ਵਰਕਰ, ਕਰਾਊਨ ਕਾਉਂਸਲ (ਸਰਕਾਰੀ ਵਕੀਲ) ਜਾਂ ਜੱਜ ਨੂੰ ਦੱਸ ਸਕਦੇ ਹੋ। ਅਦਾਲਤ ਦੋਸ਼ੀ ਤੇ ਵਿਸਤਰਿਤ ਸ਼ਰਤਾਂ ਲਗਾ ਸਕਦੀ ਹੈ, ਜਾਂ ਮੁਕੱਦਮੇ (ਟਰਾਇਲ) ਦੇ ਖਤਮ ਹੋਣ ਤੱਕ ਦੋਸ਼ੀ ਨੂੰ ਜੇਲ ਜਾਣ ਦਾ ਹੁਕਮ ਦੇ ਸਕਦੀ ਹੈ।

***a) ਮੁਲਜ਼ਮ ਤੇ ਲਗੀਆਂ ਸ਼ਰਤਾਂ ਕਦੋਂ ਤੱਕ ਰਹਿੰਦੀਆਂ ਹਨ ?***

ਜਿਆਦਾਰਤ ਕੇਸਾਂ ਵਿੱਚ, ਅਦਾਲਤ ਹੁਕਮ ਦੇਵੇਗੀ ਕਿ ਰਿਹਾਈ ਦੀਆਂ ਸ਼ਰਤਾਂ ਫੌਜਦਾਰੀ ਮੁਕੱਦਮੇ (ਟਰਾਇਲ) ਦੇ ਖਤਮ ਹੋਣ ਤੱਕ ਅਤੇ ਸਾਰੇ ਇਲਜ਼ਾਮਾਂ ਨਾਲ ਨਿਪਟ ਲਏ ਜਾਣ ਤੱਕ ਲਾਗੂ ਰਹਿਣਗੀਆਂ। ਜੇ ਅਦਾਲਤ ਫੌਜਦਾਰੀ ਮੁਕੱਦਮੇ (ਟਰਾਇਲ) ਦੇ ਖਤਮ ਹੋਣ ਤੋਂ ਪਹਿਲਾਂ ਸ਼ਰਤਾਂ ਨੂੰ ਬਦਲਣ ਵਾਲੀ ਹੈ, ਤਾਂ ਪਹਿਲਾਂ ਤੁਹਾਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਰੁੱਧ ਹੁਕਮ ਕੀਤੀਆਂ ਗਈਆਂ ਸ਼ਰਤਾਂ ਬਾਰੇ ਤੁਹਾਡੇ ਕੋਈ ਪ੍ਰਸ਼ਨ ਜਾਂ ਚਿੰਤਾਵਾਂ ਹਨ, ਤਾਂ ਤੁਹਾਨੂੰ ਪੁਲਿਸ ਜਾਂ ਵਿਕਟਮ/ਵਿਟਨੇਸ ਅਸਿਸਟੈਂਸ ਵਰਕਰ ਜਾਂ ਕਰਾਊਨ ਕਾਉਂਸਲ ਨੂੰ ਦੱਸਣਾ ਚਾਹੀਦਾ ਹੈ।

***b) ਜੇ ਮੁਲਜ਼ਮ ਤੇ ਲਗੀਆਂ ਸ਼ਰਤਾਂ ਦਾ ਟਾਕਰਾ ਫੈਮਲੀ ਕੋਰਟ ਦੇ ਹੁਕਮ ਨਾਲ ਹੁੰਦਾ ਹੈ ਤਾਂ ਕੀ?***

ਇਹ ਬਹੁਤ ਆਮ ਹੈ ਕਿ ਫੌਜਦਾਰੀ ਕੋਰਟ ਨੂੰ ਫੈਮਲੀ ਕੋਰਟ ਕੇਸ ਜਾਂ ਫੈਮਲੀ ਕੋਰਟ ਦੇ ਹੁਕਮਾਂ ਬਾਰੇ ਪਤਾ ਨਾ ਹੋਏ। ਸੰਭਵ ਹੈ ਕਿ ਫੈਮਲੀ ਕੋਰਟ ਨੇ ਹੁਕਮ ਦਿੱਤਾ ਹੋਏ ਕਿ ਦੂਸਰੀ ਮਾਂ ਜਾਂ ਪਿਓ ਨੂੰ ਤੁਹਾਡੇ ਬੱਚਿਆਂ ਦੇ ਨਾਲ ਸਮਾਂ ਬਿਤਾਉਣ ਦਾ ਹੱਕ ਹੈ। ਫੌਜਦਾਰੀ ਕੇਸ ਵਿੱਚ, ਰਿਹਾਈ ਦੀਆਂ ਸ਼ਰਤਾਂ ਕਹਿ ਸਕਦੀਆਂ ਹਨ ਕਿ ਮੁਲਜ਼ਮ ਜੋ ਕਿ ਦੂਸਰਾ ਮਾਤਾ ਜਾਂ ਪਿਤਾ ਹੈ ਲਈ ਤੁਹਾਡੇ ਅਤੇ ਤੁਹਾਡੇ ਬੱਚਿਆਂ ਤੋਂ ਦੂਰ ਰਹਿਣਾ ਜਰੂਰੀ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਇਹ ਪਤਾ ਕਰਨਾ ਮੁਸ਼ਕਲ ਹੈ ਕਿ ਕੀ ਕੀਤਾ ਜਾਏ। ਫੈਮਲੀ ਕੋਰਟ ਅਤੇ ਫੌਜਦਾਰੀ ਕੋਰਟ ਨੂੰ ਦੋਵੇਂ ਕੇਸਾਂ ਬਾਰੇ ਦੱਸਣਾ ਮਹੱਤਵਪੂਰਨ ਹੈ। ਫੌਜਦਾਰੀ ਕੇਸ ਵਿੱਚ, ਤੁਸੀਂ ਵਿਕਟਮ/ਵਿਟਨੇਸ ਅਸਿਸਟੈਂਸ ਵਰਕਰ, ਕਰਾਊਨ ਕਾਉਂਸਲ ਜਾਂ ਜੱਜ ਨੂੰ ਫੈਮਲੀ ਕੋਰਟ ਦੇ ਕਿਸੇ ਵੀ ਹੁਕਮ ਬਾਰੇ

ਦੱਸ ਸਕਦੇ ਹੋ। ਤੁਹਾਨੂੰ ਹਲ ਦੇ ਨਾਲ ਸਹਾਇਤਾ ਕਰਨ ਵਾਸਤੇ ਜਿੰਨੀ ਜਲਦੀ ਸੰਭਵ ਹੋਏ ਕਾਨੂੰਨੀ ਸਲਾਹ ਪ੍ਰਾਪਤ ਕਰਨ ਦੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ।

### *c) ਕੀ ਮੁਕੱਦਮੇ (ਟਰਾਇਲ) ਤੋਂ ਪਹਿਲਾਂ ਕੋਈ ਦੋਸ਼ੀ ਤੇ ਨਜ਼ਰ ਰੱਖੇਗਾ?*

ਅਦਾਲਤ ਇਹ ਫੈਸਲਾ ਵੀ ਕਰ ਸਕਦੀ ਹੈ ਕਿਸੇ ਨੂੰ ਇਹ ਨਜ਼ਰ ਰੱਖਣੀ ਚਾਹੀਦੀ ਹੈ ਕਿ ਮੁਲਜ਼ਮ ਕੀ ਕਰ ਰਿਹਾ ਹੋ ਜਦੋਂ ਉਸ ਨੂੰ ਮੁਕੱਦਮੇ ਤੋਂ ਪਹਿਲਾਂ ਰਿਹਾ ਕਰ ਦਿੱਤਾ ਗਿਆ ਹੈ। ਇਸ ਵਿਅਕਤੀ ਨੂੰ **ਜ਼ਮਾਨਤੀ (ਸ਼ੋਰਿਟੀ)** ਕਿਹਾ ਜਾਂਦਾ ਹੈ ਅਤੇ ਉਹ ਅਕਸਰ ਕੋਈ ਅਜਿਹਾ ਹੁੰਦਾ ਹੈ ਜਿਸ ਨੂੰ ਦੋਸ਼ੀ ਜਾਣਦਾ ਹੈ। ਸੰਭਵ ਹੈ ਕਿ ਜ਼ਮਾਨਤੀ (ਸ਼ੋਰਿਟੀ) ਨੂੰ ਮੁਲਜ਼ਮ ਦੇ ਰਿਹਾ ਕੀਤੇ ਜਾਣ ਤੋਂ ਪਹਿਲਾਂ ਪੈਸਿਆਂ ਦੀ ਪੇਸ਼ਗੀ ਦਾ ਭੁਗਤਾਨ ਕਰਨ ਦਾ ਵਾਅਦਾ ਕਰਨਾ ਪਏ। ਜ਼ਮਾਨਤੀ (ਸ਼ੋਰਿਟੀ) ਲਈ ਪੁਲਿਸ ਨੂੰ ਦੱਸਣਾ ਜਰੂਰੀ ਹੈ ਜੇਕਰ ਦੋਸ਼ੀ ਰਿਹਾਈ ਦੀਆਂ ਸ਼ਰਤਾਂ ਵਿੱਚੋਂ ਕਿਸੇ ਨੂੰ ਵੀ ਤੋੜਦਾ ਹੈ। ਜੇ ਤੁਸੀਂ ਜਾਣਦੇ ਹੋ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੇ ਸ਼ਰਤਾਂ ਵਿੱਚੋਂ ਕਿਸੇ ਨੂੰ ਵੀ ਤੋੜਿਆ ਹੈ, ਤਾਂ ਤੁਹਾਨੂੰ ਵਿਕਟਮ/ਵਿਟਨੇਸ ਅਸਿਸਟੈਂਸ ਵਰਕਰ ਜਾਂ ਕਰਾਉਨ ਕਾਉਂਸਲ ਨੂੰ ਦੱਸਣਾ ਚਾਹੀਦਾ ਹੈ। ਜ਼ਮਾਨਤੀ (ਸ਼ੋਰਿਟੀ) ਨੂੰ ਦੱਸਣਾ ਜਰੂਰੀ ਨਹੀਂ ਹੈ।

### *d) ਜੇ ਮੁਲਜ਼ਮ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਕੀ ਹੁੰਦਾ ਹੈ?*

ਜੇ ਤੁਹਾਨੂੰ ਡਰ ਹੈ ਕਿ ਮੁਲਜ਼ਮ ਤੁਹਾਨੂੰ ਚੋਟ ਪਹੁੰਚਾਉਣ ਦੀ ਯੋਜਨਾ ਬਣਾ ਰਿਹਾ ਹੋ ਸਕਦਾ ਹੈ, ਤਾਂ ਤੁਰੰਤ ਪੁਲਿਸ ਨੂੰ ਦੱਸੋ। ਜੇ ਮੁਲਜ਼ਮ ਜ਼ਮਾਨਤ ਤੇ ਬਾਹਰ ਹੈ ਅਤੇ ਰਿਹਾਈ ਦੀਆਂ ਸ਼ਰਤਾਂ ਵਿੱਚੋਂ ਕਿਸੇ ਨੂੰ ਵੀ ਤੋੜਦਾ ਹੈ, ਤਾਂ ਇਹ ਅਦਾਲਤ ਦੇ ਹੁਕਮ ਨੂੰ ਤੋੜਨਾ ਹੈ, ਅਤੇ ਉਸ ਤੇ ਨਵੇਂ ਫੌਜਦਾਰੀ ਅਪਰਾਧ ਦਾ ਇਲਜ਼ਾਮ ਲਗਾਇਆ ਜਾ ਸਕਦਾ ਹੈ।

ਅਦਾਲਤ ਫੈਸਲਾ ਕਰ ਸਕਦੀ ਹੈ ਕਿ ਇੱਕ ਦੋਸ਼ੀ ਵਿਅਕਤੀ ਜਿਹੜਾ ਰਿਹਾਈ ਦੀਆਂ ਸ਼ਰਤਾਂ ਨੂੰ ਤੋੜਦਾ ਰਹਿੰਦਾ ਹੈ ਨੂੰ ਮੁਕੱਦਮੇ (ਟਰਾਇਲ) ਤੋਂ ਪਹਿਲਾਂ ਸਮਾਜ ਵਿੱਚ ਬਾਹਰ ਰਹਿਣ ਦੀ ਇਜਾਜ਼ਤ ਨਾ ਦਿੱਤੀ ਜਾਏ। ਜ਼ਮਾਨਤ ਨੂੰ ਰੱਦ ਕਰ ਦਿੱਤਾ ਜਾ ਸਕਦਾ ਹੈ ਅਤੇ ਮੁਲਜ਼ਮ ਨੂੰ ਗਿਰਫਤਾਰ ਕਰ ਲਿਆ ਜਾਏਗਾ ਅਤੇ ਮੁਕੱਦਮੇ (ਟਰਾਇਲ) ਤੱਕ ਜੇਲ ਵਿੱਚ ਰੱਖਿਆ ਜਾਏਗਾ।

### *e) ਮੁਕੱਦਮੇ (ਟਰਾਇਲ) ਤੋਂ ਬਾਅਦ ਕੀ ਹੁੰਦਾ ਹੈ ?*

ਜੇ ਮੁਲਜ਼ਮ ਨੂੰ ਬੇਗੁਨਾਹ ਪਾਇਆ ਜਾਂਦਾ ਹੈ, ਤਾਂ ਵਿਅਕਤੀ ਸ਼ਰਤਾਂ ਤੋਂ ਬਿਨਾਂ ਸਮਾਜ ਵਿੱਚ ਮੁੜਨ ਲਈ ਆਜ਼ਾਦ ਹੈ। ਜੇ ਮੁਲਜ਼ਮ ਨੂੰ ਗੁਨਾਹਗਾਰ ਪਾਇਆ ਜਾਂਦਾ ਹੈ, ਤਾਂ ਅਦਾਲਤ, ਫੌਜਦਾਰੀ ਅਪਰਾਧ ਤੇ ਨਿਰਭਰ ਕਰਦੇ ਹੋਏ, ਵੱਖ ਵੱਖ ਸਜ਼ਾਵਾਂ ਲਈ ਹੁਕਮ ਦੇ ਸਕਦੀ ਹੈ। ਇੱਕ ਵਿਅਕਤੀ ਜਿਸ ਨੂੰ ਫੌਜਦਾਰੀ ਅਪਰਾਧ ਦਾ ਗੁਨਾਹਗਾਰ ਪਾਇਆ ਜਾਂਦਾ ਹੈ ਨੂੰ "ਦੋਸ਼ੀ" ਕਿਹਾ ਜਾਂਦਾ ਹੈ। ਇਹ ਪਤਾ ਕਰਨ ਲਈ ਕਿ ਮੁਲਜ਼ਮ ਦੇ ਦੋਸ਼ੀ ਪਾਏ ਜਾਏ ਜਾਣ ਤੋਂ ਬਾਅਦ ਕੀ ਹੋਏਗਾ, ਤੁਹਾਨੂੰ ਵਿਕਟਮ/ਵਿਟਨੇਸ ਅਸਿਸਟੈਂਸ ਵਰਕਰ ਜਾਂ ਕਰਾਉਨ ਕਾਉਂਸਲ ਨੂੰ ਪੁੱਛਣਾ ਚਾਹੀਦਾ ਹੈ।

## 5. ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਦੂਰ ਰੱਖਣ ਲਈ ਅਦਾਲਤ ਕੋਲੋਂ ਹੁਕਮ ਪ੍ਰਾਪਤ ਕਰਨਾ

ਜੇ ਤੁਹਾਡੇ ਤੇ ਕਿਸੇ ਦੁਆਰਾ ਹਮਲਾ ਕੀਤਾ ਗਿਆ ਹੈ, ਤੁਹਾਨੂੰ ਧਮਕਾਇਆ ਗਿਆ ਹੈ, ਤੁਹਾਡਾ ਪਿੱਛਾ ਕੀਤਾ ਗਿਆ ਹੈ ਜਾਂ ਕਿਸੇ ਨੇ ਤੁਹਾਨੂੰ ਡਰਾਇਆ ਹੈ, ਤਾਂ ਅਦਾਲਤ ਇਹ ਹੁਕਮ ਦੇ ਸਕਦੀ ਹੈ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਤੁਹਾਡੇ ਕੋਲੋਂ ਦੂਰ ਰਹਿਣਾ ਜਰੂਰੀ ਹੈ, ਜੇ ਤੁਹਾਡੇ ਕੋਲ ਡਰਨ ਦਾ ਚੰਗਾ ਕਾਰਨ ਹੈ ਕਿ ਉਹ ਵਿਅਕਤੀ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਨੁਕਸਾਨ ਪਹੁੰਚਾਏਗਾ। **ਅਦਾਲਤ ਦੇ ਹੁਕਮ ਦੇ ਨਾਲ ਨਾਲ ਇੱਕ ਪੂਰੀ ਸੁਰੱਖਿਆ ਯੋਜਨਾ ਹੋਣਾ ਵੀ ਮਹੱਤਵਪੂਰਨ ਹੈ।** ਤੁਸੀਂ ਔਰਤਾਂ ਦੇ ਸ਼ੈੱਲਟਰ ਜਾਂ ਔਰਤਾਂ ਦੀ ਸੰਸਥਾ ਨੂੰ ਸੁਰੱਖਿਆ ਯੋਜਨਾ ਬਣਾਉਣ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਦੋ ਕਿਸਮ ਦੇ ਅਦਾਲਤ ਦੇ ਹੁਕਮ ਜਿੰਨ੍ਹਾਂ ਲਈ ਤੁਸੀਂ ਅਰਜੀ ਵੀ ਦੇ ਸਕਦੇ ਹੋ ਦਾ ਵਰਣਨ ਹੇਠਾਂ ਕੀਤਾ ਗਿਆ ਹੈ।

### i) ਪੀਸ ਬਾਂਡ – ਕ੍ਰਿਮੀਨਲ (ਫੌਜਦਾਰੀ) ਕੋਰਟ ਤੋਂ

ਜੇ ਤੁਹਾਨੂੰ ਡਰ ਹੈ ਕਿ ਕੋਈ ਤੁਹਾਨੂੰ, ਤੁਹਾਡੇ ਸਾਥੀ ਜਾਂ ਤੁਹਾਡੇ ਬੱਚੇ ਨੂੰ ਨਿਜੀ ਚੋਟ ਪਹੁੰਚਾਏਗਾ, ਜਾਂ ਤੁਹਾਡੀ ਸੰਪਤੀ ਨੂੰ ਨੁਕਸਾਨ ਪਹੁੰਚਾਏਗਾ, ਸੰਭਵ ਹੈ ਕਿ ਤੁਸੀਂ ਪੀਸ ਬਾਂਡ ਪ੍ਰਾਪਤ ਕਰ ਸਕੋ। ਇੱਕ ਪੀਸ ਬਾਂਡ ਨੂੰ **"ਸ਼ਾਂਤੀ ਬਣਾਏ ਰੱਖਣ ਲਈ ਜ਼ਮਾਨਤ ਜਾਂ ਰਿਕੋਗਨੀਜ਼ੈਂਸ"** (**"Surety or Recognizance to keep the peace"**) ਵੀ ਕਿਹਾ ਜਾਂਦਾ ਹੈ। ਇਹ ਫੌਜਦਾਰੀ ਅਦਾਲਤ ਦਾ ਅਜਿਹਾ ਹੁਕਮ ਹੈ ਜਿਹੜਾ ਸੀਮਿਤ ਕਰਦਾ ਹੈ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਕੀ ਕਰ ਸਕਦਾ ਹੈ, ਅਤੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਤੁਹਾਡੇ, ਤੁਹਾਡੇ ਪਰਿਵਾਰ ਅਤੇ ਤੁਹਾਡੀ ਸੰਪਤੀ ਨਾਲ ਕੋਈ ਵੀ ਸੰਪਰਕ ਨਾ ਕਰਨ ਦਾ ਹੁਕਮ ਦੇ ਸਕਦਾ ਹੈ। ਤੁਸੀਂ ਜਿਹੜੇ ਵਿਅਕਤੀ ਤੋਂ ਡਰਦੇ ਹੋ ਦੇ ਵਿਰੁੱਧ ਫੌਜਦਾਰੀ ਇਲਜ਼ਾਮ ਜਾਂ ਦੋਸ਼ੀ ਪਾਏ ਗਏ ਹੋਣ ਦੀ ਲੋੜ ਨਹੀਂ ਹੈ। ਪੀਸ ਬਾਂਡ ਇੱਕ ਫੌਜਦਾਰੀ ਇਲਜ਼ਾਮ ਨਹੀਂ ਹੈ, ਪਰ ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਪੀਸ ਬਾਂਡ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਜੁਰਮ ਹੈ।

#### *a) ਪੀਸ ਬਾਂਡ ਕਿੰਨੇ ਸਮੇਂ ਤੱਕ ਰਹਿੰਦਾ ਹੈ?*

ਪੀਸ ਬਾਂਡ ਲਈ ਹੁਕਮ ਇੱਕ ਸਾਲ ਤੱਕ ਲਈ ਦਿੱਤਾ ਜਾ ਸਕਦਾ ਹੈ। ਜੇ ਹਲੇ ਵੀ ਡਰਨ ਲਈ ਚੰਗਾ ਕਾਰਨ ਹੈ, ਤਾਂ ਤੁਸੀਂ ਪੀਸ ਬਾਂਡ ਦੇ ਜਿਆਦਾ ਸਮੇਂ ਵਾਸਤੇ ਲਾਗੂ ਰਹਿਣ ਲਈ ਬੇਨਤੀ ਕਰ ਸਕਦੇ ਹੋ।

#### *b) ਮੈਂ ਪੀਸ ਬਾਂਡ ਕਿਵੇਂ ਪ੍ਰਾਪਤ ਕਰ ਸਕਦੀ ਹਾਂ?*

ਪੀਸ ਬਾਂਡ ਪ੍ਰਾਪਤ ਕਰਨ ਲਈ, ਪੁਲਿਸ ਜਾਂ ਆਪਣੇ ਸਥਾਨਕ ਕੋਰਟਹਾਉਸ ਕੋਲ ਜਾਓ ਅਤੇ ਇੱਕ **ਜਸਟਿਸ ਆਫ ਦ ਪੀਸ (ਜੇਪੀ)** ਦੇ ਨਾਲ ਗੱਲ ਕਰਨ ਦੀ ਮੰਗ ਕਰੋ। ਪਹਿਲਾਂ ਪੁਲਿਸ ਦੇ ਨਾਲ ਗੱਲ ਕਰਨ ਦਾ ਫਾਇਦਾ ਇਹ ਹੈ ਕਿ ਪੁਲਿਸ ਕੋਲ

ਵਿਅਕਤੀ ਦੇ ਫੌਜਦਾਰੀ ਪਿਛੋਕੜ ਦੀ ਜਾਣਕਾਰੀ ਹੁੰਦੀ ਹੈ (ਜਿਹੜੀ ਜੇਪੀ ਕੋਲ ਨਹੀਂ ਹੁੰਦੀ)।

ਇਹ ਜਾਣਨਾ ਮਹੱਤਵਪੂਰਨ ਹੈ ਕਿ ਅਦਾਲਤ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਦੱਸੇਗੀ ਕਿ ਤੁਸੀਂ ਪੀਸ ਬਾਂਡ ਦੀ ਮੰਗ ਕੀਤੀ ਹੈ। **ਤੁਹਾਨੂੰ ਪਤਾ ਹੋਣਾ ਚਾਹੀਦਾ ਹੈ** ਕਿ ਪੀਸ ਬਾਂਡ ਪ੍ਰਾਪਤ ਕਰਨ ਵਾਸਤੇ **ਤੁਹਾਨੂੰ ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਦੇ ਨਾਲ ਅਦਾਲਤ ਵਿੱਚ ਪੇਸ਼ ਹੋਣਾ ਪੈ ਸਕਦਾ ਹੈ।**

ਅਦਾਲਤ ਵਿੱਚ, ਤੁਹਾਨੂੰ ਸੱਚ ਬੋਲਣ ਦੀ ਸੌਂਹ ਚੁੱਕਣੀ ਪਏਗੀ, ਅਤੇ ਫਿਰ ਜੇਪੀ ਨੂੰ ਦੱਸਣਾ ਪਏਗਾ ਕਿ ਤੁਸੀਂ ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਕੋਲੋਂ ਕਿਉਂ ਡਰਦੇ ਹੋ, ਅਤੇ ਤੁਹਾਨੂੰ ਸੁਰੱਖਿਅਤ ਮਹਿਸੂਸ ਕਰਵਾਉਣ ਲਈ ਤੁਸੀਂ ਆਪਣੇ ਨਾਲ ਦੁਰਵਿਹਾਰ ਕਰਨ  ਵਾਲੇ ਤੇ ਕਿਹੜੀਆਂ ਸੀਮਾਵਾਂ ਚਾਹੁੰਦੇ ਹੋ। ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਪੀਸ ਬਾਂਡ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਸਕਦਾ ਹੈ, ਜਾਂ ਉਸ ਦੇ ਵਿਰੁੱਧ ਬਹਿਸ ਕਰ ਸਕਦਾ ਹੈ।

ਜੇ ਜੇਪੀ ਸਹਿਮਤ ਹੁੰਦਾ ਹੈ ਕਿ ਤੁਹਾਡੇ ਕੋਲ ਤੁਹਾਨੂੰ, ਤੁਹਾਡੇ ਸਾਥੀ, ਤੁਹਾਡੇ ਬੱਚੇ ਜਾਂ ਤੁਹਾਡੀ ਸੰਪਤੀ ਨੂੰ ਨੁਕਸਾਨ ਲਈ ਡਰਨ ਦਾ ਕਾਰਨ ਹੈ, ਤਾਂ ਜੇਪੀ:

- ਉਨ੍ਹਾਂ ਸੀਮਾਵਾਂ ਦੇ ਨਾਲ ਪੀਸ ਬਾਂਡ ਦਾ ਹੁਕਮ ਦੇ ਸਕਦਾ ਹੈ ਜਿਹੜੀਆਂ ਕਿ ਜੇਪੀ ਸੋਚਦਾ ਹੈ ਤੁਹਾਡੀ ਸੁਰੱਖਿਆ ਲਈ ਜਰੂਰੀ ਹਨ;
- ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਪੀਸ ਬਾਂਡ ਤੇ ਹਸਤਾਖਰ ਕਰਨ ਦਾ ਹੁਕਮ ਦੇ ਸਕਦਾ ਹੈ; ਅਤੇ,
- ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਹਸਤਾਖਰ ਨਹੀਂ ਕਰਦਾ, ਤਾਂ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਇੱਕ ਸਾਲ ਤੱਕ ਲਈ ਜੇਲ ਜਾਣ ਦਾ ਹੁਕਮ ਦੇ ਸਕਦਾ ਹੈ।

ਆਪਣੇ ਪੀਸ ਬਾਂਡ ਨੂੰ ਇੱਕ ਪੁਲਿਸ ਸਟੇਸ਼ਨ ਵਿੱਚ ਲਿਜਾਉਣਾ ਅਤੇ ਉਨ੍ਹਾਂ ਨੂੰ ਉਸ ਨੂੰ **ਕਨੇਡੀਅਨ ਪੁਲਿਸ ਇੰਨਫਰਮੇਸ਼ਨ ਸੈਂਟਰ (ਸੀਪੀਆਈਸੀ)** ਦੇ ਨਾਲ ਫਾਇਲ ਕਰਨ ਵਾਸਤੇ ਕਹਿਣਾ ਮਹੱਤਵਪੂਰਨ ਹੈ। ਫਿਰ ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਹੁਕਮ ਦਿੱਤੀਆਂ ਗਈਆਂ ਸੀਮਾਵਾਂ ਦੀ ਪਾਲਣਾ ਨਹੀਂ ਕਰਦਾ, ਤਾਂ ਪੁਲਿਸ ਇਹ ਦੇਖਣ ਲਈ ਸੀਪੀਆਈਸੀ ਦੀ ਜਾਂਚ ਕਰ ਸਕਦੀ ਹੈ ਕਿ ਤੁਹਾਡੇ ਕੋਲ ਪੀਸ ਬਾਂਡ ਹੈ।

**ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੱਕ ਜੇਪੀ ਪੀਸ ਬਾਂਡ ਵਾਸਤੇ ਤੁਹਾਡੀ ਬੇਨਤੀ ਲਈ ਇਨਕਾਰ ਕਰ ਸਕਦਾ ਹੈ, ਜਾਂ ਤੁਹਾਡੇ ਵਿਰੁੱਧ ਜਾਂ ਤੁਹਾਡੇ ਅਤੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਦੋਵਾਂ ਦੇ ਵਿਰੁੱਧ ਪੀਸ ਬਾਂਡ ਦਾ ਹੁਕਮ ਦੇ ਸਕਦਾ ਹੈ।** ਜੇ ਅਦਾਲਤ ਕਹਿੰਦੀ ਹੈ ਕਿ ਤੁਹਾਡੇ ਲਈ ਪੀਸ ਬਾਂਡ ਤੇ ਹਸਤਾਖਰ ਕਰਨਾ ਜਰੂਰੀ ਹੈ,

ਤਾਂ ਇਹ ਸੁਨਿਸ਼ਚਿਤ ਕਰਨ ਲਈ ਪਹਿਲਾਂ ਇੱਕ ਵਕੀਲ ਦੇ ਨਾਲ ਗੱਲ ਕਰਨ ਦੀ ਮੰਗ ਕਰੋ, ਕਿ ਤੁਸੀਂ ਸਮਝਦੇ ਹੋ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਕੀ ਨਹੀਂ।

**ii) ਰੋਕ ਲਗਾਉਣ ਵਾਲੇ (Restraining) ਹੁਕਮ – ਫੈਮਲੀ ਕੋਰਟ ਤੋਂ**

ਇੱਕ ਰੋਕ ਲਗਾਉਣ ਵਾਲਾ (Restraining) ਹੁਕਮ ਬਹੁਤ ਕੁਝ ਪੀਸ ਬਾਂਡ ਵਰਗਾ ਹੁੰਦਾ ਹੈ, ਪਰ ਉਹ ਖਾਸ ਕਰਕੇ ਪਰਿਵਾਰਕ ਦੁਰਵਿਹਾਰ ਜਾਂ ਹਿੰਸਾ ਵਾਲੀਆਂ ਸਥਿਤੀਆਂ ਲਈ ਹੁੰਦਾ ਹੈ। ਇੱਕ ਰੋਕ ਲਗਾਉਣ ਵਾਲਾ (**Restraining**) **ਹੁਕਮ** ਉਹ ਹੁਕਮ ਹੈ ਜਿਹੜਾ ਤੁਸੀਂ ਫੈਸਲੀ ਕੋਰਟ ਕੋਲੋਂ ਪ੍ਰਾਪਤ ਕਰ ਸਕਦੇ ਹੋ, ਜੇ ਤੁਹਾਡੇ ਕੋਲ ਆਪਣੇ ਸੁਰੱਖਿਆ ਜਾਂ ਆਪਣੇ ਬੱਚਿਆਂ ਦੀ ਸਰੱਖਿਆ ਲਈ ਡਰਨ ਦਾ ਚੰਗਾ ਕਾਰਨ ਹੈ। ਤੁਸੀਂ ਇੱਕ ਰੋਕ ਲਗਾਉਣ ਵਾਲੇ (Restraining) ਹੁਕਮ ਲਈ ਬੇਨਤੀ ਉਸ ਵਿਅਕਤੀ ਦੇ ਖਿਲਾਫ ਕਰ ਸਕਦੇ ਹੋ ਜਿਸ ਨਾਲ ਤੁਸੀਂ ਵਿਆਹੇ ਹੋਏ ਹੋ ਜਾਂ ਸੀ ਜਾਂ ਉਹ ਸਾਥੀ ਜਿਸ ਨਾਲ ਤੁਸੀਂ ਰਹਿ ਰਹੇ ਹੋ ਜਾਂ ਰਹਿ ਰਹੇ ਸੀ, ਜੇਕਰ ਤੁਸੀਂ ਸਮੇਂ ਦੀ ਛੋਟੀ ਮਿਆਦ ਲਈ ਹੀ ਇਕੱਠੇ ਰਹੇ ਸੀ ਤਾਂ ਵੀ। ਜੇ ਤੁਹਾਡਾ ਕੇਸ ਪਹਿਲਾਂ ਹੀ ਫੈਸਲੀ ਕੋਰਟ ਵਿੱਚ ਹੈ, ਤਾਂ ਤੁਸੀਂ ਆਪਣੇ ਦਾਅਵੇ ਵਿੱਚ ਇੱਕ ਰੋਕ ਲਗਾਉਣ ਵਾਲੇ (Restraining) ਹੁਕਮ ਦੀ ਮੰਗ ਕਰ ਸਕਦੇ ਹੋ। ਤੁਸੀਂ ਪਰਿਵਾਰਕ ਕਾਨੂੰਨ ਦਾ ਕੋਈ ਵੀ ਹੋਰ ਕੇਸ ਜਾਂ ਫੌਜਦਾਰੀ ਕੇਸ ਹੋਣ ਤੋਂ ਬਿਨਾਂ ਵੀ ਇੱਕ ਰੋਕ ਲਗਾਉਣ ਵਾਲੇ (Restraining) ਹੁਕਮ ਦੀ ਮੰਗ ਕਰ ਸਕਦੇ ਹੋ।

***a) ਰੋਕ ਲਗਾਉਣ ਵਾਲੇ (Restraining) ਹੁਕਮ ਕਿੰਨੇ ਸਮੇਂ ਤੱਕ ਰਹੇਗਾ ?***

ਅਦਾਲਤ ਹੁਕਮ ਦੇ ਸਕਦੀ ਹੈ ਕਿ ਰੋਕ ਲਗਾਉਣ ਵਾਲਾ (Restraining) ਹੁਕਮ ਸਮੇਂ ਦੀ ਖਾਸ ਮਿਆਦ ਲਈ ਰਹੇ ਜਾਂ ਹਮੇਸ਼ਾ ਲਈ। ਉਹ ਸਮੇਂ ਦੀ ਉਨੀਂ ਮਿਆਦ ਲਈ ਹੋ ਸਕਦਾ ਹੈ ਜਿਹੜੀ ਕਿ ਅਦਾਲਤ ਸੋਚਦੀ ਹੈ ਤੁਹਾਨੂੰ ਸੁਰੱਖਿਅਤ ਰੱਖਣ ਲਈ ਜਰੂਰੀ ਹੈ।

***b) ਮੈਂ ਰੋਕ ਲਗਾਉਣ ਵਾਲਾ (Restraining) ਹੁਕਮ ਕਿਵੇਂ ਪ੍ਰਾਪਤ ਕਰ ਸਕਦੀ ਹਾਂ?***

ਓਨਟਾਰਿਓ ਵਿੱਚ ਰੋਕ ਲਗਾਉਣ ਵਾਲੇ (Restraining) ਹੁਕਮ ਲਈ ਬੇਨਤੀ ਕਰਨ ਲਈ, ਤੁਹਾਨੂੰ ਫੈਮਲੀ ਕੋਰਟ ਵਿੱਚ ਜਾਣਾ ਪਏਗਾ ਅਤੇ ਇੱਕ ਐਪਲੀਕੇਸ਼ਨ ਫਾਰਮ ਭਰਨਾ ਪਏਗਾ। ਬਹੁਤ ਸਾਰੇ ਕੋਰਟਹਾਉਸਾਂ ਵਿੱਚ ਵਕੀਲ, ਲੌ ਦੇ ਵਿਦਿਆਰਥੀ ਅਤੇ ਅਦਾਲਤ ਦਾ ਸਟਾਫ ਹੁੰਦਾ ਹੈ ਜਿਹੜਾ ਫਾਰਮ ਦੇ ਨਾਲ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਤੁਸੀਂ ਇਕੱਲੇ ਰੋਕ ਲਗਾਉਣ ਵਾਲੇ (Restraining) ਹੁਕਮ ਲਈ ਮੰਗ ਕਰ ਸਕਦੇ ਹੋ, ਜਾਂ ਫੈਮਲੀ ਕੋਰਟ ਜਿਹੜੀ ਤੁਹਾਡੇ ਦੂਸਰੇ ਮਸਲਿਆਂ ਜਿਵੇਂ ਕਿ ਬੱਚਿਆਂ ਦੀ ਸਪੁਰਦਗੀ, ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ ਜਾਂ ਤਲਾਕ ਨਾਲ ਨਿਪਟ

ਰਹੀ ਹੈ, ਵਿੱਚ ਤੁਹਾਡੇ ਕੇਸ ਦੇ ਹਿੱਸੇ ਵਜੋਂ ਮੰਗ ਕਰ ਸਕਦੇ ਹੋ। ਆਮਤੌਰ ਤੇ, ਤੁਸੀਂ ਅਤੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਦੋਵੇਂ ਅਦਾਲਤ ਵਿੱਚ ਇਹ ਕਹਿਣ ਲਈ ਪੇਸ਼ ਹੋਵੋਗੇ ਕਿ ਤੁਹਾਨੂੰ ਰੋਕ ਲਗਾਉਣ ਵਾਲਾ (Restraining) ਹੁਕਮ ਮਿਲਣਾ ਚਾਹੀਦਾ ਹੈ ਜਾਂ ਨਹੀਂ। ਰੋਕ ਲਗਾਉਣ ਵਾਲਾ (Restraining) ਹੁਕਮ ਪ੍ਰਾਪਤ ਕਰਨ ਵਿੱਚ ਕਈ ਮਹੀਨੇ ਲਗ ਸਕਦੇ ਹਨ ਕਿਉਂਕਿ ਫੈਮਲੀ ਕੋਰਟਾਂ ਬਹੁਤ ਵਿਅਸਤ ਹਨ।

### *c) ਐਮਰਜੈਂਸੀ ਸਥਿਤੀਆਂ*

ਐਮਰਜੈਂਸੀ ਸਥਿਤੀਆਂ ਵਿੱਚ ਤੁਸੀਂ **ਰੋਕ ਲਗਾਉਣ ਵਾਲੇ** (**Restraining**) **ਤਾਗੀਦੀ ਹੁਕਮ** ਦੀ ਮੰਗ ਕਰ ਸਕਦੇ ਹੋ। ਤੁਸੀਂ ਪਹਿਲਾਂ ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਦਸੇ ਬਿਨਾਂ ਵੀ ਰੋਕ ਲਗਾਉਣ ਵਾਲੇ (Restraining) ਹੁਕਮ ਦੀ ਮੰਗ ਕਰ ਸਕਦੇ ਹੋ। ਇਸ ਨੂੰ ਇੱਕ "**ਐਕਸ ਪਾਰਟੇ**" ("**ex parte**") **ਹੁਕਮ** ਕਿਹਾ ਜਾਂਦਾ ਹੈ। ਅਦਾਲਤ ਸਮੇਂ ਦੇ ਛੋਟੀ ਮਿਆਦ ਲਈ ਇੰਨ੍ਹਾਂ ਰੋਕ ਲਗਾਉਣ ਵਾਲੇ (Restraining) ਹੁਕਮਾਂ ਲਈ ਸਹਿਮਤ ਹੋ ਸਕਦੀ ਹੈ, ਜਦੋਂ ਤੱਕ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਜਵਾਬ ਦੇਣ ਦਾ ਮੌਕਾ ਮਿਲਦਾ ਹੈ ਅਤੇ ਫਿਰ ਅਦਾਲਤ ਅੰਤਿਮ ਫੈਸਲਾ ਕਰਦੀ ਹੈ। ਤਾਗੀਦੀ ਅਤੇ ਐਕਸ ਪਾਰਟੇ (ex parte) ਹੁਕਮਾਂ ਲਈ ਨਿਯਮ ਬਹੁਤ ਸਖਤ ਹਨ ਅਤੇ ਵਕੀਲ ਕੋਲੋਂ ਸਹਾਇਤਾ ਮੰਗਣਾ ਇੱਕ ਚੰਗਾ ਵਿਚਾਰ ਹੈ।

### iii) ਜਦੋਂ ਤੁਹਾਡੇ ਕੋਲ ਇੱਕ ਪੀਸ ਬਾਂਡ ਜਾਂ ਰੋਕ ਲਗਾਉਣ ਵਾਲਾ (Restraining) ਹੁਕਮ ਹੈ – ਐਮਰਜੈਂਸੀ ਵਿੱਚ ਕੀ ਕਰਨਾ ਚਾਹੀਦਾ ਹੈ।

ਜਦੋਂ ਤੁਹਾਡੇ ਕੋਲ ਇੱਕ ਪੀਸ ਬਾਂਡ ਜਾਂ ਰੋਕ ਲਗਾਉਣ ਵਾਲਾ (Restraining) ਹੁਕਮ ਹੈ ਤਾਂ ਤੁਹਾਨੂੰ ਉਸ ਦੀ ਕਾਪੀ ਆਪਣੇ ਨਾਲ ਰੱਖਣੀ ਚਾਹੀਦੀ ਹੈ।

ਉਹ ਸੀਮਾਵਾਂ ਜਿੰਨ੍ਹਾਂ ਲਈ ਅਦਾਲਤ ਪੀਸ ਬਾਂਡ ਜਾਂ ਰੋਕ ਲਗਾਉਣ ਵਾਲਾ(Restraining) ਹੁਕਮ ਵਿੱਚ ਹੁਕਮ ਦੇ ਸਕਦੀ ਹੈ ਰਿਹਾਈ ਦੀਆਂ ਜ਼ਮਾਨਤੀ ਸ਼ਰਤਾਂ ਦੀ ਤਰ੍ਹਾਂ ਹੋ ਸਕਦੀਆਂ ਹਨ, ਜਿਵੇਂ ਕਿ:

- ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਨਾਲ ਕੋਈ ਵੀ ਸੰਪਰਕ ਨਹੀਂ, ਕਿਸੇ ਵੀ ਢੰਗ ਨਾਲ;
- ਤੁਹਾਡੇ, ਤੁਹਾਡੇ ਘਰ, ਤੁਹਾਡੇ ਕੰਮ ਦੀ ਥਾਂ ,ਸਕੂਲ ਤੋਂ ਦੂਰ ਰਹਿਣਾ;
- ਕੋਈ ਬੰਦੂਕਾਂ ਨਹੀਂ।

ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਅਦਾਲਤ ਦੇ ਹੁਕਮ ਦੇ ਕਿਸੇ ਵੀ ਹਿੱਸੇ ਦੀ ਪਾਲਣਾ ਨਹੀਂ ਕਰਦਾ, ਤੁਸੀਂ ਪੁਲਿਸ ਨੂੰ ਫੋਨ ਕਰ ਸਕਦੇ ਹੋ ਅਤੇ ਕਹਿ ਸਕਦੇ ਹੋ ਕਿ ਤੁਸੀਂ ਪੀਸ ਬਾਂਡ ਜਾਂ ਰੋਕ ਲਗਾਉਣ ਵਾਲੇ (Restraining) ਹੁਕਮ ਦੀ

ਉਲੰਘਣਾ ਦੀ ਰਿਪੋਰਟ ਕਰ ਰਹੇ ਹੋ। ਪੁਲਿਸ ਵਿਅਕਤੀ ਨੂੰ ਪੀਸ ਬਾਂਡ ਜਾਂ ਰੋਕ ਲਗਾਉਣ ਵਾਲੇ (Restraining) ਹੁਕਮ ਦੀ ਉਲੰਘਣਾ ਕਰਨ ਲਈ ਗਿਰਫਤਾਰ ਅਤੇ ਚਾਰਜ ਕਰ ਸਕਦੀ ਹੈ, ਜੋ ਕਿ ਇੱਕ ਫੌਜਦਾਰੀ ਅਪਰਾਧ ਹੈ।

## 6. ਦ ਕ੍ਰਿਮਿਨਲ ਇੰਜਰੀਜ਼ ਕੰਪਨਸੇਸ਼ਨ ਬੋਰਡ

ਦ ਕ੍ਰਿਮਿਨਲ ਇੰਜਰੀਜ਼ ਕੰਪਨਸੇਸ਼ਨ ਬੋਰਡ ਫੈਸਲਾ ਕਰਨ ਵਾਲੀ ਇੱਕ ਅਜਿਹੀ ਬਾਡੀ ਹੈ ਜਿਹੜੀ ਘਰੇਲੂ ਹਮਲੇ, ਲਿੰਗੀ ਹਮਲੇ ਅਤੇ ਸਟਾਕਿੰਗ ਸਮੇਤ ਕੁਝ ਕਿਸਮਾਂ ਦੇ ਹਿੰਸਕ ਜੁਰਮਾਂ ਦੇ ਸ਼ਿਕਾਰਾਂ ਨੂੰ ਜੁਰਮ ਦੇ ਪ੍ਰਭਾਵਾਂ ਨਾਲ ਨਜਿੱਠਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ ਵਾਸਤੇ ਪੈਸੇ ਦੇ ਸਕਦੀ ਹੈ। ਪ੍ਰਭਾਵ ਸਰੀਰਕ ਜਾਂ ਮਨੋਵਿਗਿਆਨਕ ਹੋ ਸਕਦੇ ਹਨ, ਅਤੇ ਉਨ੍ਹਾਂ ਲਈ ਕਾਫੀ ਗੰਭੀਰ ਹੋਣਾ ਜਰੂਰੀ ਹੈ। ਤੁਸੀਂ ਤਾਂ ਵੀ ਬੋਰਡ ਕੋਲ ਦਾਅਵਾ ਕਰ ਸਕਦੇ ਹੋ ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਜੁਰਮ ਲਈ ਚਾਰਜ ਨਹੀਂ ਕੀਤਾ ਗਿਆ ਸੀ ਜਾਂ ਉਸ ਨੂੰ ਜੁਰਮ ਲਈ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਸੀ।

ਬੋਰਡ ਤੁਹਾਨੂੰ ਪੈਸੇ ਦਿੱਤੇ ਜਾਣ ਦਾ ਹੁਕਮ ਦੇ ਸਕਦਾ ਹੈ ਜੇ ਇੱਕ ਜੁਰਮ ਦੇ ਨਤੀਜੇ ਵਜੋਂ :

- ਤੁਹਾਨੂੰ ਮੈਡੀਕਲ ਇਲਾਜ ਜਾਂ ਕਾਉਂਸਲਿੰਗ ਸੇਵਾਵਾਂ ਲਈ ਭੁਗਤਾਨ ਕਰਨਾ ਪਿਆ ਹੈ;
- ਤੁਹਾਨੂੰ ਇਲਾਜ ਜਾਂ ਕਾਉਂਸਲਿੰਗ ਪ੍ਰਾਪਤ ਕਰਨ ਵਾਸਤੇ ਸਫਰ ਕਰਨਾ ਲਈ ਭੁਗਤਾਨ ਕਰਨਾ ਪਿਆ ਹੈ ;
- ਤੁਹਾਨੂੰ ਕਮਾਈ ਦਾ ਨੁਕਸਾਨ ਹੋਇਆ ਹੈ;
- ਤੁਹਾਨੂੰ ਦਰਦ ਅਤੇ ਤਕਲੀਫ ਹੋਈ ਹੈ।

ਤੁਸੀਂ ਐਪਲੀਕੇਸ਼ਨ ਫਾਰਮ ਭਰ ਕੇ, ਆਨਲਾਇਨ ਜਾਂ ਲਿਖਤੀ ਰੂਪ ਵਿੱਚ ਬੋਰਡ ਨੂੰ ਅਰਜ਼ੀ ਦੇ ਸਕਦੇ ਹੋ। ਤੁਸੀਂ ਬੋਰਡ ਬਾਰੇ ਹੋਰ ਜਾਣਕਾਰੀ **www.cicb.gov.on.ca** ਤੇ ਜਾਂ ਫੋਨ ਰਾਹੀਂ ਪ੍ਰਾਪਤ ਕਰ ਸਕਦੇ ਹੋ:

**416-326-2900** (ਟੋਰੋਂਟੋ)
**1-800-372-7463** (ਟੋਲ ਫ੍ਰੀ)

ਇੰਨ੍ਹਾਂ ਸਮੱਗਰੀਆਂ ਵਿੱਚ ਵਿਅਕਤ ਕੀਤੇ ਗਏ ਵਿਚਾਰ ਫਲਿਊ (FLEW) ਦੇ ਹਨ ਅਤੇ ਜਰੂਰੀ ਨਹੀਂ ਕਿ ਉਹ ਪ੍ਰਾਂਤ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਨ।

ਹਾਲਾਂਕਿ ਲਾਅ ਫਾਉਂਡੇਸ਼ਨ ਆਫ ਓਨਟਾਰਿਓ ਦੁਆਰਾ ਇਸ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ, ਜਰੂਰੀ ਨਹੀਂ ਕਿ ਇਸ ਪ੍ਰਕਾਸ਼ਨ ਦਾ ਵਿਸ਼ਾ ਵਸਤੂ ਫਾਉਂਡੇਸ਼ਨ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰੇ।

**ਹਿੰਸਾ ਦਾ ਖਤਰਾ ਉਸ ਵੇਲੇ ਵੱਧ ਹੁੰਦਾ ਹੈ ਜਦੋਂ ਇੱਕ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ। ਜੇ ਤੁਹਾਨੂੰ ਫੌਰੀ ਖਤਰਾ ਹੈ, ਤਾਂ 911 ਨੂੰ ਫੋਨ ਕਰੋ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਨ ਵਾਲੇ ਨੂੰ ਖਤਰਾ ਹੈ, ਤਾਂ ਸਹਾਰਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਵਾਸਤੇ ਫਲਿਊ (FLEW) ਵੈੱਬਸਾਇਟ ਜਾਓ।**

**ਜੇ ਤੁਸੀਂ ਓਨਟਾਰਿਓ ਵਿੱਚ ਰਹਿ ਰਹੀ ਫਰੈਂਚ ਬੋਲਣ ਵਾਲੀ (francophone) ਔਰਤ ਹੋ, ਤਾਂ ਤੁਹਾਨੂੰ ਪਰਿਵਾਰਕ ਕਾਨੂੰਨ ਦੀਆਂ ਅਦਾਲਤੀ ਕਾਰਵਾਈਆਂ ਲਈ ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਦਾ ਹੱਕ ਹੈ। ਆਪਣੇ ਹੱਕਾਂ ਬਾਰੇ ਜਾਣਕਾਰੀ ਲਈ ਇੱਕ ਵਕੀਲ, ਕਮਿਊਨਿਟੀ ਲੀਗਲ ਕਲੀਨਿਕ ਜਾਂ 1-877-336-2433, ਟੀਟੀਵਾਏ 1-866-860-7082 ਤੇ ਫੇਮਏਡ (Femaide) ਸਪੋਰਟ ਲਾਇਨ ਨਾਲ ਸੰਪਰਕ ਕਰੋ।**

**ਤੁਸੀਂ ਫਰੈਂਚ ਵਿੱਚ ਸੇਵਾਵਾਂ ਕਿਵੇਂ ਪ੍ਰਾਪਤ ਕਰਨੀਆਂ ਹਨ ਬਾਰੇ ਹੋਰ ਜਾਣਕਾਰੀ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਜਾਂ www.undroitdefamille.ca ਤੇ ਲੱਭ ਸਕਦੇ ਹੋ।**

## ਪੰਜਾਬੀ* ਵਿੱਚ ਉਪਲਬਧ ਪਰਿਵਾਰਕ ਕਾਨੂੰਨ ਦੇ ਵਿਸ਼ੇ

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬੱਚਿਆਂ ਲਈ ਮਾਲੀ ਸਹਾਇਤਾ (PJB 003)
4. **ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)**
5. ਬੱਚਿਆਂ ਦੀ ਕਸਟਡੀ ਅਤੇ ਉਨ੍ਹਾਂ ਤੱਕ ਪਹੁੰਚ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਵਿੱਚ ਸਾਲਸੀ (PJB 007)
8. ਪ੍ਰਵਾਸੀ, ਰਫ਼ਿਊਜੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਸੰਪਤੀ ਦਾ ਵਿਭਾਜਨ ਕਿਵੇਂ ਕੀਤਾ ਜਾਂਦਾ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ (PJB 012)

* *ਇਹ ਕਿਤਾਬਚਾ ਅਨੇਕ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ www.onefamilylaw.ca ਦੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨ ਦੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਲਈ ਵੈੱਬਸਾਇਟ ਤੇ ਵਾਧੂ ਸਮੱਗਰੀ ਵੀ ਲੱਭ ਸਕਦੇ ਹੋ।*

flew Family Law Education for Women
Women's Right to Know

fodf Femmes ontariennes et droit de la fami le
Le droit de savoir

The Law Foundation of Ontario

Funded by: / Financé par :
Ontario

The views expressed in these materials are the views of FLEW and do not necessarily reflect the views of the funders.